ਬਰਨਾਲਾ ਪੁਲੀਸ ਵੱਲੋਂ ਰੇਹੜੀ/ਫੜੀ ਵਾਲਿਆਂ ਦੀ ਚੈਕਿੰਗ
* ਬਿਨਾਂ ਕਰਫਿਊ ਪਾਸ ਤੋਂ ਘੁੰਮਦੇ 12 ਵਿਅਕਤੀਆਂ ਖਿਲਾਫ ਕਾਨੂੰਨੀ ਕਾਰਵਾਈ

ਬਰਨਾਲਾ, 22 ਅਪਰੈਲ
ਕਰੋਨਾ ਵਾਇਰਸ ਫੈਲਣ ਤੋਂ ਰੋਕਥਾਮ ਲਈ ਜ਼ਿਲ੍ਹਾ ਮੈਜਿਸਟ੍ਰੇਟ ਸ੍ਰੀ ਤੇਜ ਪ੍ਰਤਾਪ ਸਿੰਘ ਫੂਲਕਾ ਵੱਲੋਂ ਜਾਰੀ ਕਰਫਿਊ ਦੇ ਹੁਕਮਾਂ ਦੇ ਮੱਦੇਨਜ਼ਰ ਸੀਨੀਅਰ ਕਪਤਾਨ ਪੁਲੀਸ ਸ੍ਰੀ ਸੰਦੀਪ ਗੋਇਲ ਦੀਆਂ ਹਦਾਇਤਾਂ ਅਤੇ ਐਸਪੀ (ਡੀ) ਸੁਖਦੇਵ ਸਿੰਘ ਵਿਰਕ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੁਲੀਸ ਵੱਲੋਂ ਬਰਨਾਲਾ ਸ਼ਹਿਰ ਅੰਦਰ ਰੇਹੜੀ-ਫੜੀ ਵਾਲਿਆਂ ਦੀ ਚੈਕਿੰਗ ਕੀਤੀ ਗਈ ਤੇ ਸਬੰਧਤ ਅਥਾਰਟੀ ਤੋਂ ਬਿਨਾਂ ਕਰਫਿਊ ਪਾਸ ਹਾਸਲ ਕੀਤੇ 12 ਵਿਅਕਤੀਆਂ ਨੂੰ ਰੇਹੜੀਆਂ ਸਣੇ ਗ੍ਰਿਫਤਾਰ ਕਰ ਕੇ ਥਾਣਾ ਸਿਟੀ 1 ਵਿਚ ਕੇਸ ਦਰਜ ਕੀਤਾ ਗਿਆ ਹੈ। ਸਹਾਇਕ ਥਾਣੇਦਾਰ ਜਰਨੈਲ ਸਿੰਘ ਥਾਣਾ ਸਿਟੀ-1 ਬਰਨਾਲਾ ਵੱਲੋਂ ਦੱਸਿਆ ਗਿਆ ਕਿ ਇਨ੍ਹਾਂ ਖਿਲਾਫ ਮੁਕੱਦਮਾਂ ਨੰਬਰ 237 ਮਿਤੀ 22/4/2020 ਅ/ਧ 188 ਹਿੰ: ਦ: ਥਾਣਾ-1 ਬਰਨਾਲਾ ਦਰਜ ਕੀਤਾ ਗਿਆ ਹੈ, ਜਿਨ੍ਹਾਂ ਨੂੰ ਮਗਰੋਂ ਬਰਜ਼ਮਾਨਤ ਰਿਹਾਅ ਕਰ ਦਿੱਤਾ ਗਿਆ। ਇਨ੍ਹਾਂ ਵਿਚ  ਮੁਹੰਮਦ ਨਵਾਬ ਵਾਸੀ ਹਾਲ ਆਬਾਦ ਡੇਰਾ ਚਰਨਦਾਸ ਬਰਨਾਲਾ, ਮੁਹੰਮਦ ਇਕਲਾਖ਼ ਹਾਲ ਆਬਾਦ ਭਜਨ ਦਾਸ ਦਾ ਡੇਰਾ ਬਰਨਾਲਾ, ਰਾਜੂ ਸ਼ਰਮਾ ਵਾਸੀ ਵਾਈ ਐਸ ਸਕੂਲ ਬਰਨਾਲਾ,  ਮੁਹੰਮਦ ਆਲਮ ਵਾਸੀ ਹਾਲ ਆਬਾਦ ਡੇਰਾ ਭਜਨ ਦਾਸ ਬਰਨਾਲਾ, ਮਨੀਸ਼ ਕੁਮਾਰ ਵਾਸੀ ਸੇਖਾ ਗਲੀ ਨੰਬਰ 9 ਬਰਨਾਲਾ, ਵਿਜੇ ਕੁਮਾਰ ਵਾਸੀ ਪੱਤੀ ਢਿੱਲੋਂ ਪਿੰਡ ਠੀਕਰੀਵਾਲਾ, ਮੁਹੰਮਦ ਸ਼ਾਬੂਦੀਨ ਹਾਲ ਆਬਾਦ ਡੇਰਾ ਭਜਨ ਦਾਸ ਬਰਨਾਲਾ,  ਸੁਮਿਤ ਕੁਮਾਰ ਵਾਸੀ ਖੁੱਡੀ ਰੋਡ ਬਰਨਾਲਾ,  ਮੁਹੰਮਦ ਜਗਸੀਰ ਹਾਲ ਆਬਾਦ ਡੇਰਾ ਭਜਨ ਦਾਸ ਬਰਨਾਲਾ, ਪ੍ਰਵੀਨ ਕੁਮਾਰ ਗਲੀ ਨੰਬਰ 7 ਲੱਖੀ ਕਲੋਨੀ ਬਰਨਾਲਾ, ਸੰਜੀਵ ਕੁਮਾਰ ਗਲੀ ਨੰਬਰ 7 ਲੱਖੀ ਕਲੋਨੀ ਬਰਨਾਲਾ ਤੇ ਅਜੇ ਕੁਮਾਰ ਵਾਸੀ ਨਵੀਂ ਸਬਜ਼ੀ ਮੰਡੀ ਬਰਨਾਲਾ ਸ਼ਾਮਲ ਹਨ।

ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਬਰਨਾਲਾ
ਸੇਖਾ ਰੋਡ ਦੀ ਗਲੀ ਨੰਬਰ **4** ਰਹੇਗੀ ਸੀਲ

* ਜ਼ਰੂਰੀ ਵਸਤਾਂ ਦੀ ਘਰ ਘਰ ਸਪਲਾਈ ਰਹੇਗੀ ਜਾਰੀ
* ਡਿਪਟੀ ਕਮਿਸ਼ਨਰ ਵੱਲੋਂ ਲੋਕਾਂ ਨੂੰ ਘਰਾਂ ਵਿਚ ਰਹਿਣ ਦੀ ਅਪੀਲ

ਬਰਨਾਲਾ, **22** ਅਪਰੈਲ
ਕਰੋਨਾ ਵਾਇਰਸ ਫੈਲਣ ਤੋਂ ਰੋਕਥਾਮ ਲਈ ਜ਼ਿਲ੍ਹਾ ਮੈਜਿਸਟ੍ਰੇਟ ਸ੍ਰੀ ਤੇਜ ਪ੍ਰਤਾਪ ਸਿੰਘ ਫੂਲਕਾ ਵੱਲੋਂ ਜਾਰੀ ਹੁਕਮਾਂ ਤਹਿਤ ਸ਼ਹਿਰ ਬਰਨਾਲਾ ਦੇ ਵਾਰਡ ਨੰਬਰ **13,15,16,17,18,19** ਨੂੰ ਸੀਲ ਕਰ ਕੇ ਕੰਟੇਨਮੈਂਟ ਜ਼ੋਨ ਐਲਾਨਿਆ ਗਿਆ ਸੀ। ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਇਨ੍ਹਾਂ ਹੁਕਮਾਂ ਵਿਚ ਸੋਧ ਕਰਦਿਆਂ ਹੁਣ ਸਿਰਫ ਗਲੀ ਨੰਬਰ **4** ਸੇਖਾ ਰੋਡ (ਵਾਰਡ ਨੰਬਰ **18** ਬਰਨਾਲਾ) ਨੂੰ ਹੀ ਕੰਟੇਨਮੈਂਟ ਜ਼ੋਨ ਐਲਾਨਿਆ ਗਿਆ ਹੈ, ਜਦੋਂਕ ਵਾਰਡ ਨੰਬਰ **13, 15, 16, 17, 18, 19** ਨੂੰ ਕੰਟੇਨਮੈਂਟ ਜ਼ੋਨ ਤੋਂ ਮੁਕਤ ਕਰ ਦਿੱਤਾ ਗਿਆ ਹੈ।
ਜ਼ਿਲ੍ਹਾ ਮੈਜਿਸਟ੍ਰੇਟ ਨੇ ਸਬੰਧਤ ਵਿਭਾਗਾਂ ਨੂੰ ਆਦੇਸ਼ ਦਿੱਤੇ ਹਨ ਕਿ ਪਹਿਲਾਂ ਦੀ ਤਰ੍ਹਾਂ ਗਲੀ ਨੰਬਰ **4,** ਸੇਖਾ ਰੋਡ, ਵਾਰਡ ਨੰਬਰ **18** ਦੇ ਵਾਸੀਆਂ ਨੂੰ ਜ਼ਰੂਰੀ ਵਸਤਾਂ ਘਰ ਘਰ ਨਿਰਵਿਘਨ ਸਪਲਾਈ ਕਰਵਾਈਆਂ ਜਾਣ ਤੇ ਪੁਲੀਸ ਵੱਲੋਂ ਗਲੀ ਨੰਬਰ **4** ਸੇਖਾ ਰੋਡ ਵਿਖੇ ਪੁਆਇੰਟ ਨੰਬਰ **1, 2, 3** ਤੇ **4** ’ਤੇ ਬੈਰੀਕੇਡਿੰਗ ਕਰਵਾਈ ਜਾਵੇ।
ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਕਰੋਨਾ ਵਾਇਰਸ ਤੋਂ ਸੁਰੱਖਿਅਤ ਰਹਿਣ ਲਈ ਆਪਣੇ ਘਰਾਂ ਵਿਚ ਹੀ ਰਹਿਣ ਅਤੇ ਇਕ ਤੋਂ ਦੂਜੇ ਵਿਅਕਤੀ ਵਿਚਾਲੇ **2** ਮੀਟਰ ਦਾ ਫਾਸਲਾ ਬਣਾ ਕੇ ਰੱਖਿਆ ਜਾਵੇ।

ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਬਰਨਾਲਾ
ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਕੈਮਿਸਟ ਦੀਆਂ ਦੁਕਾਨਾਂ ਖੋਲ੍ਹਣ ਦਾ ਸਮਾਂ ਤਬਦੀਲ

*** ਸਵੇਰੇ 8 ਤੋਂ 11 ਵਜੇ ਤੱਕ ਖੋਲ੍ਹੀਆਂ ਜਾ ਸਕਣਗੀਆਂ ਕੈਮਿਸਟ ਦੀਆਂ ਦੁਕਾਨਾਂ**

ਬਰਨਾਲਾ, 22 ਅਪਰੈਲ
ਜ਼ਿਲ੍ਹਾ ਮੈਜਿਸਟ੍ਰੇਟ ਬਰਨਾਲਾ ਵੱਲੋਂ ਜਾਰੀ ਹੁਕਮਾਂ ਅਨੁਸਾਰ ਕੈਮਿਸਟ ਦੀਆਂ ਦੁਕਾਨਾਂ ਖੋਲ੍ਹਣ ਦਾ ਸਮਾਂ ਤਬਦੀਲ ਕੀਤਾ ਗਿਆ ਹੈ।
ਜ਼ਿਲ੍ਹਾ ਮੈਜਿਸਟਰੇਟ ਸ੍ਰੀ ਤੇਜ ਪ੍ਰਤਾਪ ਸਿੰਘ ਫੂਲਕਾ ਨੇ ਆਪਣੇ ਹੁਕਮਾਂ ਵਿਚ ਕਿਹਾ ਕਿ ਜ਼ਿਲ੍ਹਾ ਵਾਸੀਆਂ ਦੀ ਸਹੂਲਤ ਲਈ ਕੈਮਿਸਟ ਦੀਆਂ ਦੁਕਾਨਾਂ ਸਵੇਰੇ 8 ਵਜੇ ਤੋਂ ਲੈ ਕੇ ਸਵੇਰੇ 11 ਵਜੇ ਤੱਕ ਖੋਲ੍ਹੀਆਂ ਜਾ ਸਕਣਗੀਆਂ। ਜਿਹੜੇ ਦੁਕਾਨਦਾਰਾਂ ਕੋਲ ਹੋਮ ਡਿਲਿਵਰੀ ਲਈ ਪਾਸ ਹਨ, ਉਹ ਸਵੇਰੇ 8 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਦਵਾਈਆਂ ਦੀ ਹੋਮ ਡਿਲਿਵਰੀ ਕਰ ਸਕਦੇ ਹਨ। ਮੈਡੀਕਲ ਟੈਸਟਾਂ ਵਾਸਤੇ ਲੈਬੋਰੇਟਰੀਆਂ ਦਾ ਸਮਾਂ ਪਹਿਲਾਂ ਵਾਲਾ ਹੀ ਰਹੇਗਾ।
ਹੁਕਮਾਂ ਅਨੁਸਾਰ ਲੈਬੋਰੇਟਰੀਆਂ ਅਤੇ ਕੈਮਿਸਟ ਦੀਆਂ ਦੁਕਾਨਾਂ ਦੇ ਅੱਗੇ ਦੋ ਦੋ ਮੀਟਰ ਦੇ ਫਾਸਲੇ ’ਤੇ ਗੋਲ ਚੱਕਰ ਬਣਾਏ ਜਾਣ ਤੇ ਉਥੇ ਖੜਨ ਵਾਲੇ ਵਿਅਕਤੀਆਂ ਵਿਚ ਘੱਟੋ ਘੱਟ 2 ਮੀਟਰ ਦਾ ਫ਼ਾਸਲਾ ਯਕੀਨੀ ਬਣਾਇਆ ਜਾਵੇ। ਇਸ ਤੋਂ ਇਲਾਵਾ ਸਬੰਧਤ ਵਿਅਕਤੀਆਂ ਦੀ ਸੈਨੇਟਾਈਜ਼ੇਸ਼ਨ ਵੀ ਯਕੀਨੀ ਬਣਾਈ ਜਾਵੇ ਅਤੇ ਵਿਅਕਤੀਆਂ ਦਾ ਰਿਕਾਰਡ ਰਜਿਸਟਰ ਲਗਾ ਕੇ ਮੇਨਟੇਨ ਕੀਤਾ ਜਾਵੇ।

ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਬਰਨਾਲਾ
ਕਰੋਨਾ ਵਾਇਰਸ ਵਿਰੁੱਧ ਜੰਗ ’ਚ ਵਰਦਾਨ ਸਾਬਿਤ ਹੋ ਰਹੇ ਹਨ ਹੈਲਥ ਵੈਲਨੈੱਸ ਸੈਂਟਰ
* ਜ਼ਿਲ੍ਹੇ ਵਿਚ **31** ਸੈਂਟਰ ਦੇ ਰਹੇ ਹਨ ਨਿਰਵਿਘਨ ਸੇਵਾਵਾਂ: ਸਿਵਲ ਸਰਜਨ
* ਕਰਫਿਊ ਦੌਰਾਨ **8253** ਮਰੀਜ਼ਾਂ ਦਾ ਕੀਤਾ ਜਾ ਚੁੱਕਿਆ ਹੈ ਚੈੱਕਅਪ

ਬਰਨਾਲਾ, **22** ਅਪਰੈਲ
ਡਿਪਟੀ ਕਮਿਸ਼ਨਰ ਸ੍ਰੀ ਤੇਜ ਪ੍ਰਤਾਪ ਸਿੰਘ ਫੂਲਕਾ ਦੀ ਅਗਵਾਈ ਹੇਠ ਜ਼ਿਲ੍ਹੇ ਵਿੱਚ ਕੋਰੋਨਾ ਵਾਇਰਸ ਤੋਂ ਬਚਾਅ ਲਈ ਚੱਲ ਰਹੀਆਂ ਗਤੀਵਿਧੀਆਂ ਦੌਰਾਨ ਸਿਹਤ ਵਿਭਾਗ ਦੇ ਹੈਲਥ ਵੈਲਨੈੱਸ ਸੈਂਟਰ ਵਰਦਾਨ ਸਾਬਿਤ ਹੋ ਰਹੇ ਹਨ।
ਸਿਵਲ ਸਰਜਨ ਡਾ. ਗੁਰਿੰਦਰਬੀਰ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਬਰਨਾਲਾ ਵੱਲੋਂ ਜ਼ਿਲ੍ਹੇ ਵਿਚ ਕਰਫਿਊ ਦੌਰਾਨ ਪਿੰਡਾਂ ਦੇ ਲੋਕਾਂ ਨੂੰ ਨਿਰਵਿਘਨ ਸਿਹਤ ਸਹੂਲਤਾਂ ਮੁਹੱਈਆ ਕਰਾਉਣ ਲਈ ਜ਼ਿਲ੍ਹੇ ਦੇ ਕੁੱਲ **31** ਹੈਲਥ ਐਂਡ ਵੈਲਨੈੱਸ ਸੈਂਟਰ ਸੇਵਾਵਾਂ ਦੇ ਰਹੇ ਹਨ ਤੇ ਕਰਫਿਊ ਦੌਰਾਨ **8253** ਮਰੀਜ਼ਾਂ ਦਾ ਇਨ੍ਹਾਂ ਸੈਂਟਰਾਂ ’ਚ ਚੈਕਅਪ ਕੀਤਾ ਜਾ ਚੁੱਕਿਆ ਹੈ। ਉਨ੍ਹਾਂ ਦੱਸਿਆ ਕਿ ਸਿਹਤ ਬਲਾਕ ਧਨੌਲਾ ’ਚ **14,** ਸਿਹਤ ਬਲਾਕ ਤਪਾ ਵਿਚ **11** ਤੇ ਸਿਹਤ ਬਲਾਕ ਮਹਿਲ ਕਲਾਂ ਵਿਚ **6** ਹੈਲਥ ਵੈਲਨੈਸ ਸੈਂਟਰ ਸੇਵਾਵਾਂ ਦੇ ਰਹੇ ਹਨ।
ਉਨ੍ਹਾਂ ਦੱਸਿਆ ਕਿ ਇਨ੍ਹਾਂ **31** ਹੈਲਥ ਵੈਲਨੈੱਸ ਸੈਂਟਰਾਂ ਵਿਚ ਤਾਇਨਾਤ ਕਮਿਊਨਿਟੀ ਹੈਲਥ ਅਫਸਰਾਂ ਵੱਲੋਂ ਪਿੰਡਾਂ ਵਿੱਚ ਮਰੀਜ਼ਾਂ ਦਾ ਚੈੱਕਅਪ ਕੀਤਾ ਜਾ ਰਿਹਾ ਹੈ ਅਤੇ ਕੋਰੋਨਾ ਵਾਇਰਸ ਤੋਂ ਬਚਾਅ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਹਾ ਹੈ। ਉਨ੍ਹਾਂ ਨੂੰ ਦੱਸਿਆ ਜਾ ਰਿਹਾ ਹੈ ਕਿ ਜੇਕਰ ਕਿਸੇ ਨੂੰ ਖੰਘ, ਬੁਖਾਰ, ਜ਼ੁਕਾਮ ਆਦਿ ਜਿਹੇ ਲੱਛਣ ਹਨ ਤਾਂ ਉਹ ਆਪਣਾ ਚੈੱਕਅਪ ਜ਼ਰੂਰ ਕਰਵਾਏ।
ਸਿਵਲ ਸਰਜਨ ਨੇ ਦੱਸਿਆ ਕਿ ਵਿਭਾਗ ਦੀਆਂ ਸਾਰੀਆਂ ਸਿਹਤ ਸੰਸਥਾਵਾਂ ਵਾਂਗ ਆਮ ਕੰਮ-ਕਾਰ ਵਾਲੇ ਦਿਨਾਂ ਵਿੱਚ ਸਾਰੇ ਦੇ ਸਾਰੇ ਹੈਲਥ ਵੈਲਨੈੱਸ ਸੈਂਟਰ ਖੋਲ੍ਹੇ ਜਾ ਰਹੇ ਹਨ ਅਤੇ ਲੋਕਾਂ ਨੂੰ ਨਿਰਵਿਘਨ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਹੈਲਥ ਵੈਲਨੈੱਸ ਸੈਂਟਰਾਂ ਵਿੱਚ ਜ਼ਿਲੇ ਦੀਆਂ ਬਾਕੀ ਸਿਹਤ ਸੰਸਥਾਵਾਂ ਵਾਂਗ ਮਰੀਜ਼ਾਂ ਦੀ ਓ.ਪੀ.ਡੀ. ਦੌਰਾਨ ਸਮਾਜਿਕ ਦੂਰੀ ਬਣਾ ਕੇ ਰੱਖਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ।
ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੈਸ਼ਨਲ ਕਾਲ ਸੈਂਟਰ ਅਧੀਨ **011 2397 8046** ਅਤੇ ਜ਼ਿਲਾ ਕੰਟਰੋਲ ਅਧੀਨ **01679-234777, 98721-95649, 76528-95649, 99153-05649** ਨੰਬਰ ਜਾਰੀ ਕੀਤਾ ਗਿਆ ਹੈ, ਜਿਸ ’ਤੇ ਫੋਨ ਕਰ ਕੇ ਵੀ ਸਿਹਤ ਸਲਾਹ ਲਈ ਜਾ ਸਕਦੀ ਹੈ।